# ਕੋਮਾਗਾਟਾ ਮਾਰੂ ਦੇ ਭੁਲੇ-ਵਿਸ਼ਰੇ ਨਾਇਕ ਭਾਈ ਦਲਜੀਤ ਸਿੰਘ ਤੇ ਗ਼ਦਰੀ ਕਿਰਤੀ ਲਹਿਰ

ਮਲਵਿੰਦਰ ਜੀਤ ਸਿੰਘ ਵੜੈਚ

ਮੂਲ ਸ੍ਰੋਤ: "ਦੀ ਗ਼ਦਰ ਡਾਇਰੈਕਟਰੀ" ਸੰਕਲਿਤ ਕਰਤਾ: ਡਾਇਰੈਕਟਰ ਇੰਟੈਲੀਜੈਂਸ ਬਿਉਰੋ, ਹੋਮ ਡਿਪਾਰਟਮੈਂਟ, ਗੋਰਮੈਂਟ ਔਫ਼ ਇੰਡੀਆ ਦੁਆਰਾ 29 ਮਾਰਚ 1934 ਨੂੰ ਸੰਪਾਦਿਤ ਖ਼ੁਫ਼ੀਆ ਰਿਪੋਰਟ 'ਚੋਂ: ਅਨੁਵਾਦਿਕ।

ਦਲਜੀਤ ਸਿੰਘ ਉਰਫ਼ ਰਾਏ ਸਿੰਘ ਸਪੁੱਤਰ ਮਲੂਕ ਸਿੰਘ ਪਿੰਡ ਕੌਣੀ, ਥਾਣਾ ਮੁਕਤਸਰ, ਜ਼ਿਲ੍ਹਾ ਫਿਰੋਜ਼ਪੁਰ: ਨੇ ਖਾਲਸਾ ਸਕੂਲ ਅੰਮ੍ਰਿਤਸਰ ਤੋਂ ਵਿਦਿਆ ਹਾਸਲ ਕੀਤੀ ਤੇ ਬਾਬਾ ਗੁਰਦਿੱਤ ਸਿੰਘ ਨਾਲ ਉਹਦੇ ਸੈਕਟਰੀ ਵੱਜੋਂ ਕੋਮਾਗਾਟਾ ਮਾਰੂ ਦੀ ਯਾਤਰਾ ਤੋਂ ਪਹਿਲੋਂ ਉਹ 'ਪੰਜਾਬੀ ਭੈਣ' ਰਸਾਲੇ ਦਾ ਸਹਾਇਕ ਸੰਪਾਦਕ ਸੀ (ਇਹ ਰਸਾਲਾ ਭਾਈ ਤਖ਼ਤ ਸਿੰਘ, ਸੰਸਥਾਪਕ ਕੰਨਿਆ ਮਹਾਂਵਿਦਿਆਲਾ ਫਿਰੋਜ਼ਪੁਰ ਦੀ ਦੇਖ-ਰੇਖ ਹੇਠਾਂ ਪ੍ਰਕਾਸ਼ਤ ਹੁੰਦਾ ਸੀ: ਅਨੁਵਾਦਿਕ)। ਉਹ ਬੱਜ-ਬੱਜ ਦੀ ਘਟਨਾ (ਸਤੰਬਰ 1914) ਨੂੰ ਗ਼ਾਇਬ ਹੋ ਗਿਆ ਅਤੇ ਮਈ 1923 ਨੂੰ ਜ਼ਾਹਿਰ ਹੋਇਆ ਸੀ ਤੇ ਛੇਤੀ ਹੀ ਨਾਭਾ ਅੰਦੋਲਨ (ਜੈਤੋ ਮੋਰਚਾ) ਵਿੱਚ ਸਰਗਰਮ ਹੋ ਗਿਆ ਸੀ। ਅਕਤਬਰ 1923 'ਚ ਉਹਨੂੰ ਰਿਆਸਤੀ ਅਧਿਕਾਰੀਆਂ ਨੇ ਧਾਰਾ 124-ਏ ਆਈ.ਪੀ.ਸੀ. (ਵਿਦਰੋਹ) ਤਹਿਤ ਛੇ ਸਾਲ ਸਖ਼ਤ ਕੈਦ ਦੀ ਸਜ਼ਾ ਸੁਨਾਈ ਸੀ, ਜੋ ਮਈ 1926 ਵਿੱਚ ਇਸ ਸ਼ਰਤ ਤੇ ਮੁਅਤਲ (suspend) ਕਰ ਦਿੱਤੀ ਗਈ ਕਿ ਉਹ ਰਿਆਸਤੀ ਇਲਾਕੇ 'ਚ ਦਾਖਲ ਨਹੀਂ ਹੋਵੇਗਾ। 'ਅਕਾਲੀ ਲੀਡਰ ਕੇਸ' ਜਿਸ ਵਿੱਚ ਉਹਨੂੰ ਵੀ ਕਟਹਿਰੇ 'ਚ ਖੜ੍ਹਾ ਕੀਤਾ ਗਿਆ ਸੀ, ਪਰ ਕੇਸ ਵਾਪਸ ਲੈ ਲਿਆ ਗਿਆ ਸੀ। ਰਿਹਾਈ ਪਿੱਛੋਂ ਉਹ ਤਿੰਨ ਸੰਸਥਾਵਾਂ ਭਾਵ ਪਰਦੇਸ਼ੀ ਖਾਲਸਾ ਦੀਵਾਨ, ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਅਤੇ ਖਾਲਸਾ ਪ੍ਰਤੀਨਿੱਧੀ ਦੀਵਾਨ ਦਾ ਸਹਾਇਕ ਸਕੱਤਰ ਬਣਿਆ। ਉਹ ਅਗਾਹਵਧੂ ਰਾਜਸੀ ਵਿਚਾਰਾਂ ਵਾਲਾ ਮੰਨਿਆ ਜਾਂਦਾ ਸੀ ਤੇ ਕੋਮਾਗਾਟਾ ਮਾਰੂ ਯਾਤਰਾ ਦਾ ਇਤਿਹਾਸ ਲਿਖਣ ਦੇ ਆਹਰ ਵਿੱਚ ਸੀ। ਦਸੰਬਰ 1926 'ਚ ਉਹ ਸ਼੍ਰੋਮਣੀ ਅਕਾਲੀ ਦਲ ਦਾ ਮੀਤ ਪ੍ਰਧਾਨ ਚੁਣਿਆ ਗਿਆ ਤੇ ਸੈਂਟ੍ਰਲ ਸਿੱਖ ਲੀਗ ਦੇ ਅਕਤੂਬਰ 1927 ਦੇ ਹੋਸ਼ਿਆਰਪੁਰ ਵਾਲੇ ਸਮਾਗਮ 'ਚ ਮਹਾਰਾਜਾ ਨਾਭਾ ਪ੍ਰਤੀ ਸਰਕਾਰੀ ਨੀਤੀ ਦੀ ਨਿਖੇਧੀ ਵਾਲੇ ਮਤੇ ਦਾ ਸਿਰਜੱਕ ਸੀ। ਓਹਨੇ ਗੁਰਦੁਆਰਾ ਸੀਸ ਗੰਜ ਅੰਦੋਲਨ 'ਚ ਵੀ ਹਿੱਸਾ ਲਿਆ ਸੀ ਤੇ ਸਾਈਮਨ ਕਮਿਸ਼ਨ ਦੇ ਬਾਈਕਾਟ ਵਿੱਚ ਵੀ ਪੇਸ਼ ਪੇਸ਼ ਹੋਇਆ ਸੀ। ਉਹਨੇ ਜੁਲਾਈ 1930 ਦੌਰਾਨ ਮੁਕਤਸਰ ਵਿਖੇ ਆਮ ਜਲਸੇ ਵਿੱਚ ਪੰਡਤ ਮੋਤੀ ਲਾਲ ਨਹਿਰੂ ਅਤੇ ਡਾਕਟਰ ਸਈਅਦ ਮਹਿਮੂਦ ਦੀ ਬਤੌਰ ਸਤਿਆਗ੍ਰਹੀ ਦੇ ਗ੍ਰਿਫਤਾਰੀ ਤੇ ਉਹਨਾਂ ਨੂੰ ਵਧਾਈ ਦਿੱਤੀ ਅਤੇ ਕਈ ਹੋਰ ਜਲਸਿਆਂ ਵਿੱਚ ਵੀ ਤਕਰੀਰਾਂ ਕੀਤੀਆਂ, ਜਿਹੜੀਆਂ ਕਿ ਕੁੱਝ ਧੀਮੀ ਸੁਰ ਵਾਲੀਆਂ ਹੀ ਸਨ। ਅੱਜ ਕਲ ਉਹ ਸਥਾਨਕ ਗੁਰਦੁਆਰਾ ਕਮੇਟੀ ਦਾ ਮੈਨੇਜਰ ਹੈ ਅਤੇ ਬੇਖ਼ੌਫ਼ (desperate) ਸੁਭਾਅ ਵਾਲਾ ਦੱਸਿਆ ਜਾਂਦਾ ਹੈ। ਉਹਦੇ ਅਜੋਕੇ ਨੇੜਲੇ ਸੰਪਰਕ ਹਨ: ਨੌਰੰਗ ਸਿੰਘ ਘਾਲੀ-ਸਕੱਤਰ ਸਥਾਨਕ ਕਿਰਤੀ ਕਿਸਾਨ ਸਭਾ, ਸਰਦਾਰ ਮੰਗਲ ਸਿੰਘ-ਉਪ ਸੰਪਾਦਕ 'ਅਕਾਲੀ', (ਬਾਬਾ) ਖੜਕ ਸਿੰਘ, ਸਰਦੂਲ ਸਿਘ ਕਵੀਸ਼ਰ ਅਤੇ ਸਥਾਨਕ ਕਾਂਗਰੇਸ ਕਮੇਟੀ ਪ੍ਰਧਾਨ ਸੁੰਦਰ ਸਿੰਘ।

**ਪਛਾਣ:** ਕੰਨ ਵਿਨ੍ਹੇ ਹੋਏ, ਗੱਲ ਕਰਦਿਆਂ ਇੱਕ ਅੱਖ ਕੁੱਝ ਮੀਟ ਲੈਂਦਾ ਹੈ, ਦੰਦ ਬਾਹਰ ਵੱਲ ਨੂੰ ਵਧੇ ਹੋਏ, ਉਮਰ 44-45 ਸਾਲ, ਕਦ 5'-4", ਉਰਦੂ, ਅੰਗ੍ਰੇਜ਼ੀ, ਗੁਰਮੁੱਖੀ ਜਾਣਦਾ ਹੈ। ਗੱਲ ਬਾਤ ਕਰਦਿਆਂ ਨਿਮਰਤਾ ਦਰਸਾਉਂਦਾ ਹੈ।

ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੂਲਾ 134109

ਈਮੇਲ: mjswaraich29@gmail.com

ਫੋਨ: 0172-2556314